**BCM SCHOOL BASANT AVENUE DUGRI ROAD LUDHIANA**

**2nd REVISION ASSIGNMENT**

**CLASS-IX SUBJECT-PUNJABI**

**ਅਣਡਿੱਠਾ ਪੈਰਾ:-**

ਨੋਟਾਂ ਦਾ ਚਲਨ ਪਿਛਲੀਆਂ ਦੋ ਸਦੀਆਂ ਵਿੱਚ ਹੋਇਆ ਹੈ, ਉਸ ਤੋਂ ਪਹਿਲਾਂ ਸਿੱਕੇ ਹੁੰਦੇ ਸਨ।ਆਮ ਸਿੱਕੇ ਲੋਹੇ, ਪਿੱਤਲ, ਕਾਂਸੀ, ਆਦਿ ਦੇ ਸਨ, ਜਦੋਂ ਕਿ ਕੀਮਤੀ ਸਿੱਕੇ ਸੋਨੇ ਅਤੇ ਚਾਂਦੀ ਦੇ ਸਨ। ਇਨ੍ਹਾਂ ਸੋਨੇ-ਚਾਂਦੀ ਦੇ ਸਿੱਕਿਆਂ ਨੂੰ ਅਸ਼ਰਫ਼ੀਆਂ ਜਾਂ ਮੋਹਰਾਂ ਦੇ ਰੂਪ ਵਿੱਚ ਵੱਡੇ ਲੈਣ-ਦੇਣ ਲਈ ਵਰਤਿਆ ਜਾਂਦਾ ਰਿਹਾ ਹੈ।ਸਿੱਕਿਆਂ ਤੋਂ ਵੀ ਪਹਿਲਾਂ ਸਾਰਾ ਵਪਾਰ ਵਸਤਾਂ ਨਾਲ, ਵਸਤਾਂ ਦੇ ਵਟਾਂਦਰੇ ਨਾਲ ਹੁੰਦਾ ਸੀ; ਜਿਵੇਂ : ਕਣਕ ਦੇ ਬਦਲੇ ਚਾਵਲ ਲਏ ਜਾਂਦੇ ਸਨ। ਹਰ ਚੀਜ਼ ਦੀ ਵਟਾਂਦਰਾ ਦਰ ਹੁੰਦੀ ਸੀ। ਵਪਾਰ ਉਦੋਂ ਹੀ ਸੰਭਵ ਹੁੰਦਾ ਹੈ ਜਦੋਂ ਸਾਡੇ ਕੋਲ ਆਪਣੀਆਂ ਲੋੜਾਂ ਪੂਰੀਆਂ ਕਰਨ ਉਪਰੰਤ ਵਿਕਣ ਯੋਗ ਵਾਧੂ ਵਸਤ ਹੋਵੇ। ਵਿਕਣ ਯੋਗ ਵਸਤਾਂ ਕਾਰਨ ਵੇਚਣ ਅਤੇ ਖਰੀਦਣ ਵਾਲੇ ਇੱਕ ਨਿਸ਼ਚਿਤ ਥਾਂ ’ਤੇ ਇੱਕ-ਦੂਜੇ ਦੇ ਸੰਪਰਕ ਵਿੱਚ ਆਉਂਦੇ ਸਨ। ਇਸ ਨਿਸ਼ਚਿਤ ਥਾਂ ਨੂੰ ਮੰਡੀ ਜਾਂ ਬਾਜ਼ਾਰ ਕਿਹਾ ਜਾਣ ਲੱਗ ਪਿਆ। ਇਸ ਅਵਸਥਾ ਵਿੱਚ ਵਿਅਕਤੀ ਨੂੰ ਦੋਵੇਂ ਪਾਸੇ ਭਾਰ ਚੁੱਕਣਾ ਪੈਂਦਾ ਸੀ। ਜਦੋਂ ਸਿੱਕੇ ਚੱਲ ਪਏ ਤਾਂ ਮੰਡੀ ਦਾ ਸੁਭਾਓ ਹੀ ਬਦਲ ਗਿਆ। ਵਸਤਾਂ ਨੂੰ ਸਿੱਕਿਆਂ ਨਾਲ ਅਤੇ ਸਿੱਕਿਆਂ ਨੂੰ ਵਸਤਾਂ ਨਾਲ ਵਟਾਇਆ ਜਾਣ ਲੱਗਾ ਅਤੇ ਦੋਵੇਂ ਪਾਸੇ ਭਾਰ ਚੁੱਕਣ ਦੀ ਥਾਂ ਇੱਕ ਪਾਸੇ ਹੀ ਭਾਰ ਚੁੱਕਿਆ ਜਾਣ ਲੱਗਾ ਅਤੇ ਵੇਚਣ ਵਾਲੇ ਅਤੇ ਖ਼ਰੀਦਣ ਵਾਲੇ ਦੇ ਆਹਮੋ-ਸਾਹਮਣੇ ਹੋਣ ਦੀ ਮਜਬੂਰੀ ਮੁੱਕ ਗਈ। ਸਿੱਕਿਆਂ ਕਾਰਨ ਮੰਡੀ ਦਾ ਆਕਾਰ ਵਧਿਆ, ਵਿਕਣ ਵਾਲੀਆਂ ਵਸਤਾਂ ਦੀ ਗਿਣਤੀ ਵਧੀ, ਜੀਵਨ ਪੱਧਰ ਉੱਚਾ ਹੋਣ ਲੱਗਾ ਅਤੇ ਵਪਾਰ ਇੱਕ ਧੰਦਾ ਹੋ ਨਿੱਬੜਿਆ ਅਤੇ ਵਪਾਰੀ ਜਾਂ ਮਹਾਜਨ ਵਰਗ ਹੋਂਦ ਵਿੱਚ ਆਇਆ, ਜਿਹੜਾ ਵੇਚਣ ਵਾਲਿਆਂ ਤੋਂ ਖ਼ਰੀਦ ਕੇ, ਖ਼ਰੀਦਣ ਵਾਲਿਆਂ ਨੂੰ ਵੇਚਣ ਲੱਗ ਪਿਆ।

*__ਉਕਤ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।__

1. 1.ਨੋਟਾਂ ਦਾ ਚੱਲਣ ਕਦੋਂ ਹੋਇਆ ਅਤੇ ਉਸ ਤੋਂ ਪਹਿਲਾਂ ਕੀ ਚੱਲਦਾ ਸੀ?
2. ਮੰਡੀ ਕਿਸ ਨੂੰ ਕਹਿੰਦੇ ਹਨ?
3. ਸਿੱਕਿਆਂ ਤੋਂ ਪਹਿਲਾਂ ਸਾਰਾ ਵਪਾਰ ਕਿਸ ਤਰ੍ਹਾਂ ਹੁੰਦਾ ਸੀ?
4. ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਲਿਖੋ।

**ਅਣਡਿੱਠੀ ਕਾਵਿ ਟੁਕੜੀ:-**

ਕੁਝ ਸਾਹ ਉਧਾਰੇ ਦੇ ਦੇ ਨੀ ਅੰਮੀਏ,ਮੈਂ ਜੱਗ ਵੇਖਣ ਦੀ ਚਾਹ ਰੱਖਦੀ ਹਾਂ।
ਤੇਰੀ ਮਮਤਾ ਦੀ ਅੱਗ ਕਿੰਨੀ ਏ,ਮੈਂ ਅੱਗ ਸੇਕਣ ਦੀ ਚਾਹ ਰੱਖਦੀ ਹਾਂ।
ਭਲਾ ਦੱਸ ਕਿਉਂ ਖੋਂਹਦੀ ਏ ਮੈਥੋਂ,ਮੇਰੇ ਜਿਊਣ ਦਾ ਅਧਿਕਾਰ।
ਕੁੱਖ 'ਚ ਕਤਲ ਕਰਾ ਕੇ ਮੈਨੂੰ, ਦੱਸ ਭਲਾ ਕੀ ਵੱਟੇਂਗੀ
ਆਪਣੇ ਰੂਪ ਦੀ ਦੁਸ਼ਮਣ ਬਣ ਕੇ, ਉਮਰਾਂ ਦੇ ਮਿਹਣੇ ਖੱਟੇਂਗੀ।

*__ਕਾਵਿ ਟੁੱਕੜੀ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ:-__

1. ਆਪਣੀ ਰੂਪ ਦੀ ਦੁਸ਼ਮਣ ਬਣ ਕੇ ਮਾਂ ਨੂੰ ਕੀ ਮਿਲੇਗਾ?
2. ਬੱਚੀ ਕਿਹੜੀ ਅੱਗ ਸੇਕਣਾ ਚਾਹੁੰਦੀ ਹੈ?

3. ਇਸ ਕਵਿਤਾ ਵਿੱਚ ਕੌਣ ਆਪਣਾ ਦੁੱਖ ਸੁਣਾ ਰਿਹਾ ਹੈ?

**ਅਤਿ ਛੋਟੇ ਪ੍ਰਸ਼ਨ ਉੱਤਰ:-**

1. ਪ੍ਰਿੰਸੀਪਲ ਦੁਆਰਾ ਜੁਗਲ ਪ੍ਰਸ਼ਾਦ ਨੂੰ ਭੇਜੀ ਗਈ ਚਿੱਠੀ ਵਿੱਚ ਕਿਹੜੀਆਂ ਖਾਸ ਚੀਜ਼ਾਂ ਦਾ ਜ਼ਿਕਰ ਕੀਤਾ ਗਿਆ ਸੀ?
2. ਜੁਗਲ ਪ੍ਰਸ਼ਾਦ ਦੇ ਪਰਿਵਾਰ ਉੱਪਰ ਕੁੱਲ ਕਿੰਨੇ ਰੁਪਏ ਦਾ ਉਧਾਰ ਸੀ? ਜਨਮ ਦਿਨ ਜਨਮਦਿਨ ਕਹਾਣੀ ਦਾ ਅੰਤ ਕਿਹੋ ਜਿਹਾ ਸੀ?
3. ਕਿਹੜੇ ਕਵੀ ਦੀਆਂ ਰਚਨਾਵਾਂ ਗੁਰਬਾਣੀ ਤੋਂ ਪ੍ਰਭਾਵਿਤ ਸਨ?
4. ਭਾਈ ਵੀਰ ਸਿੰਘ ਜੀ ਨੇ ਇਸਤਰੀ ਰੂਪ ਵਿਚ ਕਿਹੜੀ ਕਵਿਤਾ ਅੰਦਰ ਆਪਣੇ ਵਿਚਾਰਾਂ ਨੂੰ ਬਿਆਨ ਕੀਤਾ ਹੈ?
5. ਕੂੰਜਾਂ ਅਤੇ ਫੀਤੇ ਤੋਂ ਕੀ ਭਾਵ ਹੈ?
6. ਅਖਾੜੇ ਅਤੇ ਛਿੰਝ ਵਿਚਲਾ ਇਕ ਫਰਕ ਦੱਸੋ?
7. 'ਦਾਇਮੀ' ਸਬਦ ਤੋਂ ਕੀ ਭਾਵ ਹੈ ਇਹ ਕਿਸ ਪਾਠ ਵਿੱਚ ਵਰਤਿਆ ਗਿਆ ਹੈ?
8. ਮਨੁੱਖ ਆਪਣੀ ਜ਼ਿੰਦਗੀ ਵਿਚ ਅਸੂਲਾਂ ਦਾ ਨਾਮ ਕਿਸ ਨੂੰ ਦਿੰਦਾ ਹੈ?